SED-EDU404/78/2020-4EDU4-(Part-1)/211

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਵੱਲ

1. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ),
2. ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈਕੰਡਰੀ/ਐਲੀਮੈਂਟਰੀ,

ਮੁਹਾਲੀ, ਪੰਜਾਬ।

ਮਿਤੀ, ਚੰਡੀਗੜ੍ਹ: 22.11.23

ਵਿਸ਼ਾ:- ਨੈਸ਼ਨਲ ਐਵਾਰਡ/ਸਟੇਟ ਐਵਾਰਡ/ਪੰਜਾਬ ਟੀਚਰ ਐਕਟ 2015 ਤਹਿਤ ਸੇਵਾ ਕਾਲ ਵਿੱਚ ਵਾਧਾ ਕਰਨ ਸਬੰਧੀ ਟਾਈਮ ਲਾਈਨ ਜਾਰੀ ਕਰਨ ਬਾਰੇ।

***

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਇਹ ਵੇਖਣ ਵਿੱਚ ਆਇਆ ਹੈ ਕਿ ਵਿਸ਼ਾ ਅੰਕਿਤ ਮਾਮਲੇ ਸਬੰਧੀ ਸੇਵਾ ਕਾਲ ਵਿੱਚ ਵਾਧਾ ਲੈਣ ਲਈ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਜਦੋਂ ਸੇਵਾ ਕਾਲ ਵਿੱਚ ਵਾਧਾ ਲੈਣ ਸਬੰਧੀ ਕੇਸ ਪੋਰਟਲ ਤੇ ਅਪਲਾਈ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਰਕਾਰ ਪਾਸ ਪ੍ਰਵਾਨਗੀ ਲਈ ਪਹੁੰਚਣ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ। ਕਈ ਵਾਰ ਇਹ ਕੇਸ ਰਿਟਾਇਰਮੈਂਟ ਦੀ ਮਿਤੀ ਤੋਂ 1-2 ਦਿਨ ਪਹਿਲਾਂ ਜਾਂ ਉਸੇ ਹੀ ਦਿਨ ਪ੍ਰਾਪਤ ਹੁੰਦੇ ਹਨ। ਇਸ ਕਰਕੇ ਉੱਚ ਅਧਿਕਾਰੀਆਂ ਪਾਸੋਂ ਪ੍ਰਵਾਨਗੀ ਪ੍ਰਾਪਤ ਕਰਨ ਲਈ ਸਮਾਂ ਬਾਕੀ ਨਹੀਂ ਬਚਦਾ। ਇਸ ਮਾਮਲੇ ਨੂੰ ਵਿਚਾਰਨ ਉਪਰੰਤ ਸਰਕਾਰ ਵੱਲੋਂ ਹੇਠ ਅਨੁਸਾਰ ਟਾਈਮਲਾਈਨ ਨਿਰਧਾਰਿਤ ਕੀਤੀ ਗਈ ਹੈ:-

| ਲੜੀ ਨੰ. | ਨੈਸ਼ਨਲ ਐਵਾਰਡ/ਸਟੇਟ ਐਵਾਰਡ/ ਪੰਜਾਬ ਟੀਚਰ ਐਕਟ 2015 | ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਸੇਵਾ ਕਾਲ ਵਿੱਚ ਵਾਧੇ ਸਬੰਧੀ ਕੇਸ ਅਪਲਾਈ ਕਰਨ ਦਾ ਸਮਾਂ | ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਵੱਲੋਂ ਡੀ.ਐਸ.ਈ. (ਸੈਸਿ/ਐਸਿ) ਨੂੰ ਕੇਸ ਫਾਰਵਰਡ ਕਰਨ ਦਾ ਸਮਾਂ | ਡੀ.ਐਸ.ਈ. (ਸੈਸਿ/ਐਸਿ) ਵੱਲੋਂ ਸਰਕਾਰ ਨੂੰ ਕੇਸ ਫਾਰਵਰਡ ਕਰਨ ਦਾ ਸਮਾਂ | ਸਰਕਾਰ ਦੀਆਂ ਸ਼ਾਖਾਵਾਂ ਵੱਲੋਂ ਕੇਸ ਡੀਲ ਕਰਨ ਦਾ ਸਮਾਂ |
|---|---|---|---|---|---|
| 1. | | ਸੇਵਾ ਨਵਿਰਿਤੀ ਦੀ ਮਿਤੀ ਤੋਂ 01 ਮਹੀਨਾ ਪਹਿਲਾਂ | 04 ਦਿਨ | 04 ਦਿਨ | 04 ਦਿਨ |

ਜੇਕਰ ਕੋਈ ਕੇਸ ਉਸ ਮਹੀਨੇ ਦੀ 15 ਤਾਰੀਖ ਤੋਂ ਬਾਅਦ ਸਰਕਾਰ ਪਾਸ ਪ੍ਰਾਪਤ ਹੁੰਦਾ ਹੈ ਤਾਂ ਉਸ ਕੇਸ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਜਿਸ ਵੀ ਸਟੇਜ ਤੇ ਕੇਸ ਡੀਲ ਕਰਨ ਵਾਲੇ ਅਧਿਕਾਰੀ/ਕਰਮਚਾਰੀ ਵੱਲੋਂ ਮਿੱਥੇ ਸਮੇਂ ਤੋਂ ਜ਼ਿਆਦਾ ਡੀਲੇਅ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ